**Exam. Code : 103203**
**Subject Code : 1098**

**B.A./B.Sc. 3rd Semester**

**PUNJABI (Elective)**

Time Allowed—3 Hours] [Maximum Marks—100

**ਨੋਟ :** ਪ੍ਰਸ਼ਨ ਪੱਤਰ ਦੇ **ਚਾਰ** ਸੈਕਸ਼ਨ ਹਨ। ਵਿਦਿਆਰਥੀਆਂ ਨੇ ਕੁੱਲ **ਪੰਜ** ਪ੍ਰਸ਼ਨ ਕਰਨੇ ਹਨ। ਹਰ ਸੈਕਸ਼ਨ ਵਿੱਚੋਂ **ਇੱਕ** ਪ੍ਰਸ਼ਨ ਲਾਜ਼ਮੀ ਹੈ। **ਪੰਜਵਾਂ** ਪ੍ਰਸ਼ਨ ਕਿਸੇ ਵੀ ਸੈਕਸ਼ਨ ਵਿੱਚੋਂ ਕੀਤਾ ਜਾ ਸਕਦਾ ਹੈ। ਹਰੇਕ ਪ੍ਰਸ਼ਨ ਦੇ ਬਰਾਬਰ ਅੰਕ ਹਨ।

**ਸੈਕਸ਼ਨ—ਏ**

1. ਹੇਠ ਲਿਖਤ ਕਾਵਿ-ਬੰਦਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਜਾ ਮੈਂ ਸਬਕ ਇਸ਼ਕ ਦਾ ਪੜ੍ਹਿਆ
ਮਸਜਦ ਕੋਲੋਂ ਜੀਉੜਾ ਡਰਿਆ
ਭਜ ਭਜ ਠਾਕਰ ਦੁਵਾਰੇ ਵੜਿਆ
ਘਰ ਵਿੱਚ ਪਾਯਾ ਮਹਰਮ ਯਾਰ
ਇਸ਼ਕ ਦੀ ਨਵੀਓਂ ਨਵੀਂ ਬਹਾਰ।

(ਅ) ਹੀਰ ਜਾਇ ਕੇ ਆਖਿਆ ਬਾਬਲਾ ਵੇ,
ਤੇਰੇ ਨਾਉਂ ਥੋਂ ਘੋਲ ਘੁਮਾਈਆਂ ਮੈਂ।
ਜਿਸ ਆਪਣੇ ਨਾਉਂ ਦੇ ਹੁਕਮ ਉੱਤੇ,
ਵਿੱਚ ਸੰਦਲਾਂ ਬਾਰ ਖਿਡਾਈਆਂ ਮੈਂ।



http://www.gnduonline.com
http://www.gnduonline.com
http://www.gnduonline.com
http://www.gnduonline.com

ਲਾਸਾਂ ਪੱਟ ਦੀਆਂ ਪਾਏ ਕੇ ਬਾਗ ਕਾਲੇ,
ਪੀਂਘਾਂ ਸ਼ੌਕ ਦੇ ਨਾਲ ਪੀਂਘਾਈਆਂ ਮੈਂ।
ਮੇਰੀ ਜਾਨ ਬਾਬਲ ਜੀਵੇਂ, ਧੌਲ ਰਾਜਾ,
ਮਾਹੀ ਮਹੀਂ ਦਾ ਢੂੰਡ ਲਿਆਈਆਂ ਮੈਂ।

2. ਹੇਠ ਲਿਖਤ ਕਾਵਿ-ਬੰਦਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਇਕੋ ਰੰਗ ਕਪਾਈ ਦਾ
ਸਭ ਇਕੋ ਰੰਗ ਕਪਾਈ ਦਾ
ਇਕ ਆਪੇ ਰੂਪ ਵਟਾਈ ਦਾ।
ਅਰੂੜੀ ਤੇ ਜੋ ਗਦੋਂ ਚਰਾਵੈ,
ਸੋ ਭੀ ਵਾਗੀ ਗਾਈਂ ਦਾ।
ਸਭ ਨਗਰਾਂ ਵਿਚ ਆਪੇ ਵੱਸੇ,
ਉਹੋ ਮੇਹਰ ਸਰਾਈਂ ਦਾ।

(ਅ) ਸਵਾਦ ਸਿਫ਼ਤ ਨਾ ਹੁਸਨ ਦੀ ਜਾਇ ਝੱਲੀ,
ਰਾਣੀ ਦੇਖ ਕੇ ਪੂਰਨ ਨੂੰ ਤੁਰਤ ਮੁੱਠੀ।
ਸੂਰਤ ਨਜ਼ਰ ਆਈ ਰਾਜਾ ਭੁੱਲ ਗਿਆ,
ਸਿਰ ਪੈਰ ਤਾਈਂ ਅੱਗ ਭੜਕ ਉਠੀ
ਦਿਲੋਂ ਪੁਤਰ ਨੂੰ ਯਾਰ ਬਣਾਇਆ ਸੂ,
ਉਸ ਦੀ ਸਾਬਤੀ ਦੀ ਵਿਚੋਂ ਲੱਜ ਟੁਟੀ।
ਕਾਦਰਯਾਰ ਤ੍ਰੀਮਤ ਹੈਂਸਿਆਰੀ,
ਲਗੀ ਵੇਖ ਵਗਾਵਣੇ ਨਦੀ ਪੁੱਠੀ।

## ਸੈਕਸ਼ਨ—ਬੀ

3. 'ਮੁਰਦੇ ਦੀ ਤਾਕਤ' ਕਹਾਣੀ ਦੇ ਵਿਸ਼ਾ-ਵਸਤੂ ਸਬੰਧੀ ਚਰਚਾ ਕਰੋ।

4. 'ਘੋਟਣਾ' ਕਹਾਣੀ ਦਾ ਸਾਰ ਲਿਖੋ।

## ਸੈਕਸ਼ਨ—ਸੀ

5. (ੳ) ਬਿੰਬ ਕੀ ਹੁੰਦਾ ਹੈ ? ਉਦਾਹਰਨਾਂ ਦੇ ਕੇ ਦੱਸੋ।

   (ਅ) 'ਕਥਾ ਤੇ ਕਥਾਨਕ' ਬਾਰੇ ਚਰਚਾ ਕਰੋ।

6. (ੳ) 'ਪਾਤਰ-ਉਸਾਰੀ' ਬਾਰੇ ਚਰਚਾ ਕਰੋ।

   (ਅ) 'ਰੂਪ ਤੇ ਵਸਤੂ' ਬਾਰੇ ਦੱਸੋ।

## ਸੈਕਸ਼ਨ—ਡੀ

7. ਦੋਵਾਂ ਕਾਵਿ-ਰੂਪਾਂ ਨੂੰ ਪਰਿਭਾਸ਼ਤ ਕਰਦੇ ਹੋਏ ਇਨ੍ਹਾਂ ਦੇ ਪ੍ਰਮੁੱਖ ਤੱਤਾਂ ਬਾਰੇ ਜਾਣਕਾਰੀ ਦਿਉ :

   ਵਾਰ, ਕਿੱਸਾ।

8. ਦੋਵਾਂ ਕਾਵਿ-ਰੂਪਾਂ ਨੂੰ ਪਰਿਭਾਸ਼ਤ ਕਰੋ ਤੇ ਤੱਤਾਂ ਬਾਰੇ ਦੱਸੋ :

   ਜੰਗਨਾਮਾ, ਕਾਫ਼ੀ।

http://www.gnduonline.com
http://www.gnduonline.com